ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਸਾਹਿਬਜ਼ਾਦੇ ਸੋ ਸ਼ਹਿਜ਼ਾਦੇ ਬਣਨਾ ਹੈ, ਇਸ ਲਈ ਯਾਦ ਦੀ ਯਾਤਰਾ ਨਾਲ ਆਪਣੇ ਵਿਕਰਮਾਂ ਨੂੰ ਭਸਮ ਕਰੋ"

ਪ੍ਰਸ਼ਨ:- ਕਿਸ ਇੱਕ ਵਿਧੀ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ?

ਉੱਤਰ:- ਜਦ ਤੁਸੀਂ ਆਪਣੀ ਨਜਰ ਬਾਪ ਦੀ ਨਜ਼ਰ ਨਾਲ ਮਿਲਾਉਂਦੇ ਹੋ ਤਾਂ ਨਜ਼ਰ ਮਿਲਣ ਨਾਲ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਕਿਉਂਕਿ ਆਪਣੇ ਨੂੰ ਆਤਮਾ ਸਮਝਕੇ ਬਾਪ ਨੂੰ ਯਾਦ ਕਰਨ ਨਾਲ ਸਾਰੇ ਪਾਪ ਕੱਟ ਜਾਂਦੇ ਹਨ। ਇਹ ਹੀ ਹੈ ਤੁਹਾਡੀ ਯਾਦ ਦੀ ਯਾਤਰਾ। ਤੁਸੀਂ ਦੇਹ ਦੇ ਸਾਰੇ ਧਰਮ ਛੱਡ ਬਾਪ ਨੂੰ ਯਾਦ ਕਰਦੇ ਹੋ, ਜਿਸ ਨਾਲ ਆਤਮਾ ਸਤੋਪ੍ਰਧਾਨ ਬਣ ਜਾਂਦੀ ਹੈ, ਤੁਸੀਂ ਸੁੱਖਧਾਮ ਦੇ ਮਾਲਿਕ ਬਣ ਜਾਂਦੇ ਹੋ।

ਓਮ ਸ਼ਾਂਤੀ। ਸ਼ਿਵ ਭਗਵਾਨੁਵਾਚ, ਆਪਣੇ ਨੂੰ ਆਤਮਾ ਸਮਝਕੇ ਬੈਠੋ। ਬਾਪ ਫਰਮਾਉਂਦੇ ਹਨ ਸ਼ਿਵ ਭਗਵਾਨੁਵਾਚ ਮਾਨਾ ਹੀ ਸ਼ਿਵਬਾਬਾ ਸਮਝਾਉਂਦੇ ਹਨ ਬੱਚੇ ਆਪਣੇ ਨੂੰ ਆਤਮਾ ਸਮਝ ਕੇ ਬੈਠੋ ਕਿਉਂਕਿ ਤੁਸੀਂ ਸਭ ਬ੍ਰਦਰਜ਼ ਹੋ। ਇੱਕ ਹੀ ਬਾਪ ਦੇ ਬੱਚੇ ਹੋ। ਇੱਕ ਹੀ ਬਾਪ ਤੋਂ ਵਰਸਾ ਲੈਣਾ ਹੈ, ਹੂਬਹੂ ਜਿਵੇਂ 5 ਹਜ਼ਾਰ ਵਰ੍ਹੇ ਪਹਿਲਾਂ ਬਾਪ ਤੋਂ ਵਰਸਾ ਲਿਆ ਸੀ। ਆਦਿ ਸਨਾਤਨ ਦੇਵੀ - ਦੇਵਤਾਵਾਂ ਦੀ ਰਾਜਧਾਨੀ ਵਿੱਚ ਸੀ। ਬਾਪ ਬੈਠ ਸਮਝਾਉਂਦੇ ਹਨ ਤੁਸੀਂ ਸੂਰਜਵੰਸ਼ੀ ਅਰਥਾਤ ਵਿਸ਼ਵ ਦੇ ਮਾਲਿਕ ਕਿਵੇਂ ਬਣ ਸਕਦੇ ਹੋ। ਮੈਨੂੰ ਆਪਣੇ ਬਾਪ ਨੂੰ ਯਾਦ ਕਰੋ। ਤੁਸੀਂ ਸਭ ਆਤਮਾਵਾਂ ਭਰਾ - ਭਰਾ ਹੋ। ਉੱਚ ਤੇ ਉੱਚ ਭਗਵਾਨ ਇੱਕ ਹੀ ਹੈ। ਉਸ ਸੱਚੇ ਸਾਹਿਬ ਦੇ ਬੱਚੇ ਸਾਹਿਬਜ਼ਾਦੇ ਹਨ। ਇਹ ਬਾਪ ਬੈਠ ਸਮਝਾਉਂਦੇ ਹਨ, ਉਨ੍ਹਾਂ ਦੀ ਸ਼੍ਰੀਮਤ ਤੇ ਬੁੱਧੀ ਦਾ ਯੋਗ ਲਗਾਓਗੇ ਤਾਂ ਤੁਹਾਡੇ ਸਾਰੇ ਪਾਪ ਕੱਟ ਜਾਣਗੇ। ਸਭ ਦੁੱਖ ਦੂਰ ਹੋ ਜਾਣਗੇ। ਬਾਪ ਨਾਲ ਜਦੋਂ ਸਾਡੀਆਂ ਅੱਖਾਂ ਮਿਲਦੀਆਂ ਹਨ ਤਾਂ ਸਭ ਦੁੱਖ ਦੂਰ ਹੋ ਜਾਂਦੇ ਹਨ। ਅੱਖਾਂ ਮਿਲਾਉਣ ਦਾ ਵੀ ਅਰਥ ਸਮਝਾਉਂਦੇ ਹਨ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ, ਇਹ ਹੈ ਯਾਦ ਦੀ ਯਾਤਰਾ ਇਸਨੂੰ ਯੋਗ ਅਗਨੀ ਵੀ ਕਿਹਾ ਜਾਂਦਾ ਹੈ। ਇਸ ਯੋਗ ਅਗਨੀ ਨਾਲ ਤੁਹਾਡੇ ਜੋ ਜੰਨਮ - ਜਨਮਾਨਤ੍ਰ ਦੇ ਪਾਪ ਹਨ, ਉਹ ਭਸਮ ਹੋ ਜਾਣਗੇ। ਇਹ ਹੈ ਹੀ ਦੁੱਖਧਾਮ। ਸਭ ਨਰਕਵਾਸੀ ਹਨ। ਤੁਸੀਂ ਬਹੁਤ ਪਾਪ ਕੀਤੇ ਹਨ, ਇਸਨੂੰ ਕਿਹਾ ਜਾਂਦਾ ਹੈ ਰਾਵਣ ਰਾਜ। ਸਤਿਯੁਗ ਨੂੰ ਕਿਹਾ ਜਾਂਦਾ ਹੈ ਰਾਮਰਾਜਿਆ। ਤੁਸੀਂ ਇੰਵੇਂ ਸਮਝਾ ਸਕਦੇ ਹੋ। ਭਾਵੇਂ ਕਿੰਨੀ ਵੀ ਵੱਡੀ ਸਭਾ ਬੈਠੀ ਹੋ, ਭਾਸ਼ਣ ਕਰਨ ਵਿੱਚ ਹਰਜ਼ਾ ਥੋੜ੍ਹੀ ਨਾ ਹੈ। ਤੁਸੀਂ ਤਾਂ ਭਗਵਾਨੁਵਾਚ ਕਹਿੰਦੇ ਰਹਿੰਦੇ ਹੋ। ਸ਼ਿਵ ਭਗਵਾਨੁਵਾਚ - ਅਸੀਂ ਸਭ ਆਤਮਾਵਾਂ ਉਨ੍ਹਾਂ ਦੀ ਸੰਤਾਨ ਹਾਂ, ਬ੍ਰਦਰਜ਼ ਹਾਂ। ਬਾਕੀ ਸ਼੍ਰੀਕ੍ਰਿਸ਼ਨ ਦੀ ਕੋਈ ਸੰਤਾਨ ਸੀ, ਇੰਵੇਂ ਨਹੀਂ ਕਹਾਂਗੇ। ਨਾ ਇੰਨੀਆਂ ਰਾਣੀਆਂ ਹੀ ਸਨ। ਕ੍ਰਿਸ਼ਨ ਦਾ ਤਾਂ ਜਦ ਸਵੰਬਰ ਹੁੰਦਾ ਹੈ, ਨਾਮ ਹੀ ਬਦਲ ਜਾਂਦਾ ਹੈ। ਹਾਂ, ਇੰਵੇਂ ਕਹਾਂਗੇ ਲਕਸ਼ਮੀ ਨਾਰਾਇਣ ਦੇ ਬੱਚੇ ਸਨ। ਰਾਧੇ - ਕ੍ਰਿਸ਼ਨ ਹੀ ਸਵੰਬਰ ਦੇ ਬਾਦ ਲਕਸ਼ਮੀ ਨਾਰਾਇਣ ਬਣਦੇ ਹਨ ਤਾਂ ਇੱਕ ਬੱਚਾ ਹੁੰਦਾ ਹੈ। ਫੇਰ ਉਨ੍ਹਾਂ ਦੀ ਡਾਇਨੇਸਟੀ ਚਲਦੀ ਹੈ। ਤੁਸੀਂ ਬੱਚਿਆਂ ਨੇ ਹੁਣ ਮਾਮੇਕਮ ਯਾਦ ਕਰਨਾ ਹੈ। ਦੇਹ ਦੇ ਸਭ ਧਰਮ ਛੱਡੋ, ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਸਾਰੇ ਪਾਪ ਕੱਟ ਜਾਣਗੇ। ਸਤੋਪ੍ਰਧਾਨ ਬਣ ਸ੍ਵਰਗ ਵਿੱਚ ਜਾਵੋਗੇ। ਸ੍ਵਰਗ ਵਿੱਚ ਕੋਈ ਦੁੱਖ ਹੁੰਦਾ ਨਹੀਂ। ਨਰਕ ਵਿੱਚ ਅਥਾਹ ਦੁੱਖ ਹਨ। ਸੁੱਖ ਦਾ ਨਾਮ ਨਿਸ਼ਾਨ ਨਹੀਂ। ਇੰਵੇਂ ਯੁਕਤੀ ਨਾਲ ਦੱਸਣਾ ਚਾਹੀਦਾ ਹੈ। ਸ਼ਿਵ ਭਗਵਾਨੁਵਾਚ - ਹੇ ਬੱਚਿਓ, ਇਸ ਸਮੇਂ ਤੁਸੀਂ ਆਤਮਾਵਾਂ ਪਤਿਤ ਹੋ, ਹੁਣ ਪਾਵਨ ਕਿਵੇਂ ਬਣੋ? ਮੈਨੂੰ ਬੁਲਾਇਆ ਹੀ ਹੈ - ਹੇ ਪਤਿਤ ਪਾਵਨ ਆਓ। ਪਾਵਨ ਹੁੰਦੇ ਹਨ ਸਤਿਯੁਗ ਵਿੱਚ, ਪਤਿਤ ਹੁੰਦੇ ਹਨ ਕਲਯੁਗ ਵਿੱਚ। ਕਲਯੁਗ ਦੇ ਬਾਦ ਫੇਰ ਸਤਿਯੁਗ ਜ਼ਰੂਰ ਬਣਨਾ ਹੈ। ਨਵੀਂ ਦੁਨੀਆਂ ਦੀ ਸਥਾਪਨਾ, ਪੁਰਾਣੀ ਦਾ ਵਿਨਾਸ਼ ਹੁੰਦਾ ਹੈ। ਗਾਇਨ ਵੀ ਹੈ ਬ੍ਰਹਮਾ ਦੁਆਰਾ ਸਥਾਪਨਾ। ਅਸੀਂ ਬ੍ਰਹਮਾਕੁਮਾਰ - ਕੁਮਾਰੀਆਂ ਅਡਾਪਟਿਡ ਚਿਲਡ੍ਰਨ ਹਾਂ। ਅਸੀਂ ਹਾਂ ਬ੍ਰਾਹਮਣ ਚੋਟੀ। ਵਿਰਾਟ ਰੂਪ ਵੀ ਹੈ ਨਾ। ਪਹਿਲਾਂ ਬ੍ਰਾਹਮਣ ਜ਼ਰੂਰ ਬਣਨਾ ਪਵੇ। ਬ੍ਰਹਮਾ ਵੀ ਬ੍ਰਾਹਮਣ ਹੈ। ਦੇਵਤੇ ਹਨ ਸਤਿਯੁਗ ਵਿੱਚ। ਸਤਿਯੁਗ ਵਿੱਚ ਸਦਾ ਸੁੱਖ ਹੈ। ਦੁੱਖ ਦਾ ਨਾਮ ਨਹੀਂ। ਕਲਯੁਗ ਵਿੱਚ ਅਪਰੰਪਾਰ ਦੁੱਖ ਹਨ, ਸਾਰੇ ਦੁੱਖੀ ਹਨ। ਅਜਿਹਾ ਕੋਈ ਨਹੀਂ ਹੋਵੇਗਾ ਜਿਸਨੂੰ ਦੁੱਖ ਨਾ ਹੋਵੇ। ਇਹ ਹੈ ਰਾਵਣ ਰਾਜ। ਇਹ ਰਾਵਣ ਭਾਰਤ ਦਾ ਨੰਬਰਵਨ ਦੁਸ਼ਮਣ ਹੈ। ਹਰ ਇੱਕ ਵਿੱਚ 5 ਵਿਕਾਰ ਹਨ। ਸਤਿਯੁਗ ਵਿੱਚ ਕੋਈ ਵਿਕਾਰ ਨਹੀਂ ਹੁੰਦੇ। ਉਹ ਹੈ ਪਵਿੱਤਰ ਗ੍ਰਹਿਸਤ ਧਰਮ। ਹੁਣ ਤਾਂ ਦੁੱਖ ਦੇ ਪਹਾੜ ਡਿੱਗੇ ਹੋਏ ਹਨ, ਹੋਰ ਵੀ ਡਿਗਣੇ ਹਨ। ਇਹ ਇਤਨੇ ਬੰਬਜ਼ ਆਦਿ ਬਣਾਉਂਦੇ ਰਹਿੰਦੇ ਹਨ ਰੱਖਣ ਦੇ ਲਈ ਥੋੜ੍ਹੀ ਹੀ ਹਨ, ਬਹੁਤ ਰੀਫਾਇਨ ਕਰ ਰਹੇ ਹਨ ਫੇਰ ਰਿਹਰਸਲ ਹੋਵੇਗੀ, ਫੇਰ ਫ਼ਾਈਨਲ ਹੋਵੇਗਾ। ਹੁਣ ਟਾਈਮ ਬਹੁਤ ਘੱਟ ਹੈ, ਡਰਾਮਾ ਤੇ ਆਪਣੇ ਸਮੇਂ ਤੇ ਪੂਰਾ ਹੋਵੇਗਾ ਨਾ।

ਪਹਿਲੇ - ਪਹਿਲੇ ਸ਼ਿਵ ਬਾਬਾ ਦਾ ਗਿਆਨ ਹੋਣਾ ਚਾਹੀਦਾ ਹੈ। ਕੁਝ ਵੀ ਭਾਸ਼ਣ ਆਦਿ ਸ਼ੁਰੂ ਕਰਦੇ ਹੋ ਤਾਂ ਹਮੇਸ਼ਾਂ ਪਹਿਲਾਂ - ਪਹਿਲਾਂ ਕਹਿਣਾ ਹੈ - ਸ਼ਿਵਾਏ ਨਮਾ... ਕਿਉਂਕਿ ਸ਼ਿਵਬਾਬਾ ਦੀ ਜੋ ਮਹਿਮਾ ਹੈ ਉਹ ਹੋਰ ਕਿਸੇ ਦੀ ਨਹੀਂ ਹੋ ਸਕਦੀ। ਸ਼ਿਵਜਯੰਤੀ ਹੀ ਹੀਰੇ ਸਮਾਨ ਹੈ। ਕ੍ਰਿਸ਼ਨ ਦੇ ਚਰਿੱਤਰ ਆਦਿ ਕੁੱਝ ਹੈ ਨਹੀਂ। ਸਤਿਯੁਗ ਵਿੱਚ ਤਾਂ ਛੋਟੇ ਬੱਚੇ ਵੀ ਸਤੋਪ੍ਰਧਾਨ ਹੀ ਹੁੰਦੇ ਹਨ। ਬੱਚਿਆਂ ਵਿੱਚ ਕੋਈ ਚੰਚਲਤਾ ਆਦਿ ਨਹੀਂ ਹੁੰਦੀ। ਸ਼੍ਰੀਕ੍ਰਿਸ਼ਨ ਦੇ ਲਈ ਵਿਖਾਉਂਦੇ ਹਨ - ਮੱਖਣ ਖਾਂਦੇ ਸਨ, ਇਹ ਕਰਦੇ ਸੀ, ਇਹ ਤਾਂ ਮਹਿਮਾ ਦੇ ਬਦਲੇ ਹੋਰ ਵੀ ਗਲਾਨੀ ਕਰਦੇ ਹਨ। ਕਿੰਨੀ ਖੁਸ਼ੀ ਵਿੱਚ ਆਕੇ ਕਹਿੰਦੇ ਈਸ਼ਵਰ ਸਰਵਵਿਆਪੀ ਹੈ। ਤੇਰੇ ਵਿੱਚ ਵੀ ਹੈ ਮੇਰੇ ਵਿੱਚ ਵੀ

ਹੈ। ਇਹ ਬੜੀ ਗਲਾਨੀ ਹੈ ਪਰੰਤੂ ਤਮੋਪ੍ਰਧਾਨ ਮਨੁੱਖ ਇਨ੍ਹਾਂ ਗੱਲਾਂ ਨੂੰ ਸਮਝ ਨਹੀਂ ਸਕਦੇ। ਤਾਂ ਪਹਿਲੇ - ਪਹਿਲੇ ਬਾਪ ਦਾ ਪਰਿਚੈ ਦੇਣਾ ਚਾਹੀਦਾ ਹੈ - ਉਹ ਨਿਰਾਕਾਰ ਬਾਪ ਹੈ, ਜਿਸਦਾ ਨਾਮ ਹੀ ਹੈ ਕਲਿਆਣਕਾਰੀ ਸ਼ਿਵ, ਸ੍ਰਵ ਦਾ ਸਦਗਤੀ ਦਾਤਾ। ਉਹ ਨਿਰਾਕਾਰ ਸੁੱਖ ਦਾ ਸਾਗਰ, ਸ਼ਾਂਤੀ ਦਾ ਸਾਗਰ ਹੈ। ਹੁਣ ਇਤਨਾ ਦੁੱਖ ਕਿਓਂ ਹੋਇਆ ਹੈ? ਕਿਉਂਕਿ ਰਾਵਣ ਰਾਜ ਹੈ। ਰਾਵਣ ਹੈ ਸਭ ਦਾ ਦੁਸ਼ਮਣ, ਉਸਨੂੰ ਮਾਰਦੇ ਵੀ ਹਨ, ਪਰੰਤੂ ਮਰਦਾ ਨਹੀਂ। ਇੱਥੇ ਕੋਈ ਇੱਕ ਦੁੱਖ ਨਹੀਂ ਹੈ, ਅਪਰੰਪਾਰ ਦੁੱਖ ਹਨ। ਸਤਿਯੁਗ ਵਿੱਚ ਹਨ ਅਪਰੰਪਾਰ ਸੁੱਖ। 5 ਹਜ਼ਾਰ ਵਰ੍ਹੇ ਪਹਿਲਾਂ ਬੇਹੱਦ ਬਾਪ ਦੇ ਬੱਚੇ ਬਣੇ ਸੀ ਅਤੇ ਇਹ ਵਰਸਾ ਬਾਪ ਤੋਂ ਲਿਆ ਸੀ। ਸ਼ਿਵਬਾਬਾ ਆਉਂਦੇ ਹਨ ਜ਼ਰੂਰ, ਕੁਝ ਤੇ ਆਕੇ ਕਰਦੇ ਹਨ ਨਾ। ਅਕੂਰੇਟ ਕਰਦੇ ਹਨ ਤਦ ਤਾਂ ਮਹਿਮਾ ਗਾਈ ਜਾਂਦੀ ਹੈ। ਸ਼ਿਵਰਾਤਰੀ ਵੀ ਕਹਿੰਦੇ ਹਨ ਫ਼ਿਰ ਹੈ ਸ਼੍ਰੀਕ੍ਰਿਸ਼ਨ ਦੀ ਰਾਤ੍ਰੀ। ਹੁਣ ਸ਼ਿਵਰਾਤਰੀ ਅਤੇ ਕ੍ਰਿਸ਼ਨ ਦੀ ਰਾਤ੍ਰੀ ਨੂੰ ਵੀ ਸਮਝਣਾ ਚਾਹੀਦਾ ਹੈ। ਸ਼ਿਵ ਤਾਂ ਆਉਂਦੇ ਹੀ ਹਨ ਬੇਹੱਦ ਦੀ ਰਾਤ ਵਿੱਚ। ਸ਼੍ਰੀਕ੍ਰਿਸ਼ਨ ਦਾ ਜਨਮ ਅਮ੍ਰਿਤਵੇਲੇ ਹੁੰਦਾ ਹੈ, ਨਾਕਿ ਰਾਤ੍ਰੀ ਨੂੰ। ਸ਼ਿਵ ਦੀ ਰਾਤ੍ਰੀ ਮਨਾਉਂਦੇ ਹਨ ਪ੍ਰੰਤੂ ਉਨ੍ਹਾਂ ਦੀ ਕੋਈ ਤਿਥੀ ਤਾਰੀਖ ਨਹੀਂ। ਸ਼੍ਰੀਕ੍ਰਿਸ਼ਨ ਦਾ ਜਨਮ ਹੁੰਦਾ ਹੈ ਅਮ੍ਰਿਤਵੇਲੇ। ਅਮ੍ਰਿਤਵੇਲਾ ਸਭ ਤੋਂ ਸ਼ੁਭ ਮਹੂਰਤ ਮੰਨਿਆ ਜਾਂਦਾ ਹੈ। ਉਹ ਲੋਕ ਸ਼੍ਰੀਕ੍ਰਿਸ਼ਨ ਦਾ ਜਨਮ 12 ਵਜੇ ਮਨਾਉਂਦੇ ਹਨ ਪ੍ਰੰਤੂ ਉਹ ਪ੍ਰਭਾਤ ਤਾਂ ਹੋਈ ਹੀ ਨਹੀਂ। ਪ੍ਰਭਾਤ ਸਵੇਰੇ 2-3 ਵਜੇ ਨੂੰ ਕਿਹਾ ਜਾਂਦਾ ਹੈ ਜਦ ਕਿ ਸਿਮਰਨ ਵੀ ਕਰ ਸਕੇ। ਇੰਵੇਂ ਥੋੜ੍ਹੀ ਨਾ 12 ਵਜੇ ਵਿਕਾਰ ਤੋਂ ਉੱਠ ਕੇ ਕੀ ਭਗਵਾਨ ਦਾ ਨਾਮ ਵੀ ਲੈਂਦੇ ਹੋਣਗੇ, ਬਿਲਕੁਲ ਨਹੀਂ। ਅਮ੍ਰਿਤਵੇਲਾ 12 ਵਜੇ ਨੂੰ ਨਹੀਂ ਕਿਹਾ ਜਾਂਦਾ। ਉਸ ਸਮੇਂ ਤਾਂ ਮਨੁੱਖ ਪਤਿਤ ਗੰਦੇ ਹੁੰਦੇ ਹਨ। ਵਾਯੂਮੰਡਲ ਹੀ ਸਾਰਾ ਖ਼ਰਾਬ ਹੁੰਦਾ ਹੈ। ਢਾਈ ਵਜੇ ਥੋੜ੍ਹੀ ਨਾ ਕੋਈ ਉਠਦਾ ਹੈ। 3 - 4 ਵਜੇ ਦਾ ਸਮਾਂ ਅਮ੍ਰਿਤਵੇਲਾ ਹੈ। ਉਸ ਸਮੇਂ ਉੱਠ ਕੇ ਮਨੁੱਖ ਭਗਤੀ ਕਰਦੇ ਹਨ, ਇਹ ਟਾਈਮ ਤਾਂ ਮਨੁੱਖਾਂ ਨੇ ਬਣਾਏ ਹਨ, ਪਰੰਤੂ ਉਹ ਕੋਈ ਸਮਾਂ ਹੈ ਨਹੀਂ। ਤਾਂ ਤੁਸੀਂ ਕ੍ਰਿਸ਼ਨ ਦੀ ਵੇਲਾ ਨਿਕਾਲ ਸਕਦੇ ਹੋ। ਸ਼ਿਵ ਦੀ ਵੇਲਾ ਕੁਝ ਵੀ ਨਹੀਂ ਨਿਕਾਲ ਸਕਦੇ। ਇਹ ਤਾਂ ਖ਼ੁਦ ਹੀ ਆਕੇ ਸਮਝਾਉਂਦੇ ਹਨ। ਤਾਂ ਪਹਿਲਾਂ - ਪਹਿਲਾਂ ਮਹਿਮਾ ਦੱਸਣੀ ਹੈ ਸ਼ਿਵਬਾਬਾ ਦੀ। ਗੀਤ ਪਿਛਾੜੀ ਵਿੱਚ ਨਹੀਂ ਪਹਿਲਾਂ ਵਜਾਉਣਾ ਚਾਹੀਦਾ ਹੈ। ਸ਼ਿਵਬਾਬਾ ਸਭ ਤੋਂ ਮਿੱਠਾ ਬਾਬਾ ਹੈ, ਉਨ੍ਹਾਂ ਤੋਂ ਬੇਹੱਦ ਦਾ ਵਰਸਾ ਮਿਲਦਾ ਹੈ। ਅੱਜ ਤੋਂ 5 ਹਜ਼ਾਰ ਵਰ੍ਹੇ ਪਹਿਲਾਂ ਇਹ ਸ਼੍ਰੀਕ੍ਰਿਸ਼ਨ ਸਤਿਯੁਗ ਦਾ ਪ੍ਰਿੰਸ ਸੀ। ਉੱਥੇ ਅਪਰੰਪਾਰ ਸੁੱਖ ਸਨ। ਹਾਲੇ ਵੀ ਸ੍ਵਰਗ ਦਾ ਗਾਇਨ ਕਰਦੇ ਰਹਿੰਦੇ ਹਨ। ਕੋਈ ਮਰਦਾ ਹੈ ਤਾਂ ਕਹਿਣਗੇ ਫਲਾਣਾ ਸ੍ਵਰਗ ਗਿਆ। ਅਰੇ, ਹਾਲੇ ਤਾਂ ਨਰਕ ਹੈ। ਸ੍ਵਰਗ ਵਿੱਚ ਹੋਣ ਤਾਂ ਸ੍ਵਰਗ ਵਿੱਚ ਪੁਨਰਜਨਮ ਲੈ ਸਕਣ।

ਸਮਝਾਉਣਾ ਚਾਹੀਦਾ ਹੈ ਸਾਡੇ ਕੋਲ ਤਾਂ ਇੰਨੇ ਵਰ੍ਹਿਆਂ ਦਾ ਅਨੁਭਵ ਹੈ, ਉਹ ਸਿਰਫ਼ 15 ਮਿੰਟਾਂ ਵਿੱਚ ਤੇ ਨਹੀ ਸਮਝਾ ਸਕਦੇ, ਇਸ ਵਿੱਚ ਤਾਂ ਟਾਈਮ ਚਾਹੀਦਾ ਹੈ। ਪਹਿਲੇ - ਪਹਿਲੇ ਤਾਂ ਇੱਕ ਸੈਕਿੰਡ ਦੀ ਗੱਲ ਸੁਣਾਉਂਦੇ ਹਾਂ, ਬੇਹੱਦ ਦਾ ਬਾਪ ਜੋ ਦੁੱਖਹਰਤਾ ਸੁੱਖਕਰਤਾ ਹੈ, ਉਨ੍ਹਾਂ ਦਾ ਪਰਿਚੈ ਦਿੰਦੇ ਹਾਂ। ਉਹ ਸਾਡਾ ਸਭ ਆਤਮਾਵਾਂ ਦਾ ਬਾਪ ਹੈ। ਅਸੀਂ ਬੀ. ਕੇ. ਸਭ ਸ਼ਿਵਬਾਬਾ ਦੀ ਸ਼੍ਰੀਮਤ ਤੇ ਚਲਦੇ ਹਾਂ। ਬਾਪ ਕਹਿੰਦੇ ਹਨ ਤੁਸੀਂ ਸਭ ਭਰਾ - ਭਰਾ ਹੋ, ਮੈਂ ਤੁਹਾਡਾ ਬਾਪ ਹਾਂ। ਮੈਂ 5 ਹਜ਼ਾਰ ਵਰ੍ਹੇ ਪਹਿਲੇ ਆਇਆ ਸੀ, ਤਾਂ ਤੇ ਸ਼ਿਵਜਯੰਤੀ ਮਨਾਉਂਦੇ ਹੋ, ਸ੍ਵਰਗ ਵਿੱਚ ਕੁਝ ਮਨਾਇਆ ਨਹੀਂ ਜਾਂਦਾ। ਸ਼ਿਵਜਯੰਤੀ ਹੁੰਦੀ ਹੈ, ਜਿਸ ਦਾ ਫੇਰ ਭਗਤੀ ਮਾਰਗ ਵਿੱਚ ਯਾਦਗਰ ਬਣਾਇਆ ਜਾਂਦਾ ਹੈ। ਇਹ ਗੀਤਾ ਐਪੀਸੋਡ ਚਲ ਰਿਹਾ ਹੈ। ਨਵੀਂ ਦੁਨੀਆਂ ਦੀ ਸਥਾਪਨਾ ਬ੍ਰਹਮਾ ਦੁਆਰਾ, ਪੁਰਾਣੀ ਦੁਨੀਆਂ ਦਾ ਵਿਨਾਸ਼ ਸ਼ੰਕਰ ਦੁਆਰਾ। ਹੁਣ ਇਸ ਪੁਰਾਣੀ ਦੁਨੀਆਂ ਦਾ ਵਾਯੂਮੰਡਲ ਤਾਂ ਤੁਸੀਂ ਵੇਖ ਰਹੇ ਹੋ, ਇਸ ਪਤਿਤ ਦੁਨੀਆਂ ਦਾ ਵਿਨਾਸ਼ ਜ਼ਰੂਰ ਹੋਣਾ ਹੈ। ਇਸ ਲਈ ਕਹਿੰਦੇ ਹਨ ਪਾਵਨ ਦੁਨੀਆਂ ਵਿੱਚ ਲੈ ਚੱਲੋ। ਅਥਾਹ ਦੁੱਖ ਹਨ - ਲੜ੍ਹਾਈ, ਮੌਤ, ਵਿਧਵਾਪਣਾ, ਜੀਵਨਘਾਤ ਕਰਨਾ... । ਸਤਿਯੁਗ ਵਿੱਚ ਤਾਂ ਅਪਾਰ ਸੁੱਖਾਂ ਦਾ ਰਾਜ ਸੀ। ਇਸ ਏਮ ਆਬਜੈਕਟ ਦਾ ਚਿੱਤਰ ਤਾਂ ਜ਼ਰੂਰ ਉਥੇ ਲੈ ਜਾਣਾ ਚਾਹੀਦਾ ਹੈ। ਇਹ ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਸਨ। 5 ਹਜ਼ਾਰ ਸਾਲਾਂ ਦੀ ਗੱਲ ਸੁਣਾਉਂਦੇ ਹਾਂ - ਇਨ੍ਹਾਂਨੇ ਕਿਵੇਂ ਇਹ ਜਨਮ ਪਾਇਆ? ਕਿਹੜੇ ਕਰਮ ਕੀਤੇ ਜੋ ਇਹ ਬਣੇ? ਕਰਮ - ਅਕਰਮ - ਵਿਕਰਮ ਦੀ ਗਤੀ ਬਾਪ ਹੀ ਸਮਝਾਉਂਦੇ ਹਨ। ਸਤਿਯੁਗ ਵਿੱਚ ਕਰਮ, ਅਕਰਮ ਹੋ ਜਾਂਦੇ ਹਨ। ਇੱਥੇ ਤਾਂ ਰਾਵਣ ਰਾਜ ਹੋਣ ਦੇ ਕਾਰਣ ਕਰਮ, ਵਿਕਰਮ ਬਣ ਜਾਂਦੇ ਹਨ ਇਸ ਲਈ ਇਸਨੂੰ ਪਾਪ ਆਤਮਾਵਾਂ ਦੀ ਦੁਨੀਆਂ ਕਿਹਾ ਜਾਂਦਾ ਹੈ। ਲੈਣ - ਦੇਣ ਵੀ ਪਾਪ ਆਤਮਾਵਾਂ ਨਾਲ ਹੀ ਹੈ। ਪੇਟ ਵਿੱਚ ਬੱਚਾ ਹੁੰਦਾ ਹੈ ਤਾਂ ਸਗਾਈ ਕਰ ਦਿੰਦੇ ਹਨ। ਕਿੰਨੀ ਕ੍ਰਿਮੀਨਲ ਦ੍ਰਿਸ਼ਟੀ ਹੈ। ਇੱਥੇ ਹੈ ਹੀ ਕ੍ਰਿਮੀਨਲ ਆਈਜ਼ਡ। ਸਤਿਯੁਗ ਨੂੰ ਕਿਹਾ ਜਾਂਦਾ ਹੈ ਸਿਵਿਲਾਇਜ਼ਡ। ਇਥੇ ਅੱਖਾਂ ਬਹੁਤ ਪਾਪ ਕਰਦੀਆਂ ਹਨ। ਉਥੇ ਕੋਈ ਪਾਪ ਨਹੀਂ ਕਰਦੇ। ਸਤਿਯੁਗ ਤੋਂ ਲੈਕੇ ਕਲਯੁਗ ਅੰਤ ਤੱਕ ਹਿਸਟ੍ਰੀ - ਜੋਗ੍ਰਾਫੀ ਰਪੀਟ ਹੁੰਦੀ ਹੈ। ਇਹ ਤਾਂ ਜਾਨਣਾ ਚਾਹੀਦਾ ਹੈ ਨਾ। ਦੁੱਖਧਾਮ ਸੁੱਖਧਾਮ ਕਿਓਂ ਕਿਹਾ ਜਾਂਦਾ ਹੈ? ਸਾਰਾ ਮਦਾਰ ਹੈ ਪਤਿਤ ਅਤੇ ਪਾਵਨ ਹੋਣ ਦਾ ਇਸ ਲਈ ਬਾਪ ਕਹਿੰਦੇ ਹਨ ਕਾਮ ਮਹਾਸ਼ਤਰੂ ਹੈ, ਇਸ ਨੂੰ ਜਿੱਤਣ ਨਾਲ ਤੁਸੀਂ ਜਗਤਜੀਤ ਬਣੋਂਗੇ। ਅੱਧਾਕਲਪ ਪਵਿੱਤਰ ਦੁਨੀਆਂ ਸੀ, ਜਿਸ ਵਿੱਚ ਸ਼੍ਰੇਸ਼ਠ ਦੇਵਤਾ ਸਨ। ਹੁਣ ਤਾਂ ਭ੍ਰਿਸ਼ਟਾਚਾਰੀ ਹਨ। ਇੱਕ ਤਰਫ ਕਹਿੰਦੇ ਵੀ ਹਨ ਇਹ ਭ੍ਰਿਸ਼ਟਾਚਾਰੀ ਦੁਨੀਆ ਹੈ ਫੇਰ ਸਭ ਨੂੰ ਸ਼੍ਰੀ - ਸ਼੍ਰੀ ਕਹਿੰਦੇ ਰਹਿੰਦੇ, ਜੋ ਆਉਂਦਾ ਹੈ ਬੋਲ ਦਿੰਦੇ ਹਨ। ਇਹ ਸਮਝਣਾ ਹੈ। ਹੁਣ ਤਾਂ ਮੌਤ ਸਾਮਣੇ ਖੜ੍ਹੀ ਹੈ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਪਾਪ ਕੱਟ ਜਾਣਗੇ। ਤੁਸੀਂ ਸਤੋਪ੍ਰਧਾਨ ਬਣ ਜਾਵੋਗੇ। ਸੁੱਖਧਾਮ ਦੇ ਮਾਲਿਕ ਬਣੋਂਗੇ। ਹੁਣ ਤਾਂ ਹੈ ਹੀ ਦੁੱਖ। ਕਿੰਨਾ ਵੀ ਉਹ ਲੋਕ ਕਾਨਫਰੈਂਸ ਕਰਨ, ਸੰਗਠਨ ਕਰਨ ਪਰੰਤੂ ਇਸ ਨਾਲ ਕੁਝ ਹੋਣਾ ਨਹੀਂ ਹੈ। ਸੀੜੀ ਹੇਠਾਂ ਉੱਤਰਦੇ ਹੀ ਜਾਂਦੇ ਹਨ। ਬਾਪ ਆਪਣਾ ਕੰਮ ਆਪਣੇ ਬੱਚਿਆਂ ਦੁਆਰਾ ਕਰਵਾ ਰਹੇ ਹਨ। ਤੁਸੀਂ ਪੁਕਾਰਿਆ ਹੈ ਪਤਿਤ ਪਾਵਨ ਆਓ, ਤਾਂ ਮੈਂ ਆਪਣੇ ਸਮੇਂ ਤੇ ਆਇਆ ਹੋਇਆ ਹਾਂ। ਯਦਾ - ਯਦਾ ਹੀ ਧਰਮਸਿਯ … ਇਸ ਦਾ ਅਰਥ ਵੀ ਨਹੀਂ ਜਾਣਦੇ। ਬੁਲਾਉਂਦੇ ਹਨ ਤਾਂ ਜ਼ਰੂਰ ਖ਼ੁਦ ਪਤਿਤ ਹਨ। ਬਾਪ ਕਹਿੰਦੇ ਹਨ ਰਾਵਣ ਨੇ ਤੁਹਾਨੂੰ ਪਤਿਤ ਬਣਾਇਆ ਹੈ, ਹੁਣ ਮੈਂ ਪਾਵਨ ਬਣਾਉਣ ਆਇਆ ਹਾਂ। ਉਹ ਪਾਵਨ ਦੁਨੀਆਂ ਸੀ। ਹੁਣ ਪਤਿਤ ਦੁਨੀਆਂ ਹੈ। 5 ਵਿਕਾਰ ਸਭ ਵਿੱਚ ਹਨ, ਅਪਰੰਪਾਰ ਦੁੱਖ ਹੈ। ਸਭ ਤਰਫ਼ ਅਸ਼ਾਂਤੀ ਹੀ ਅਸ਼ਾਂਤੀ ਹੈ। ਜਦੋਂ

ਤੁਸੀਂ ਬਿਲਕੁਲ ਤਮੋਪ੍ਰਧਾਨ, ਪਾਪ ਆਤਮਾ ਬਣ ਜਾਂਦੇ ਹੋ ਉਦੋਂ ਮੈਂ ਆਉਂਦਾ ਹਾਂ। ਜੋ ਮੈਨੂੰ ਸਰਵਵਿਆਪੀ ਕਹਿ ਮੇਰਾ ਅਪਕਾਰ ਕਰਦੇ ਹਨ, ਅਜਿਹੀਆਂ ਦਾ ਮੈਂ ਉਪਕਾਰ ਕਰਨ ਆਉਂਦਾ ਹਾਂ। ਮੈਨੂੰ ਤੁਸੀਂ ਨਿਮੰਤ੍ਰਣ ਦਿੰਦੇ ਹੋ ਕਿ ਇਸ ਪਤਿਤ ਰਾਵਣ ਦੀ ਦੁਨੀਆਂ ਵਿੱਚ ਆਵੋ। ਮੈਨੂੰ ਵੀ ਰਥ ਤਾਂ ਚਾਹੀਦਾ ਹੈ ਨਾ। ਪਾਵਨ ਰਥ ਤਾਂ ਚਾਹੀਦਾ ਨਹੀਂ। ਰਾਵਣ ਰਾਜ ਵਿੱਚ ਹਨ ਹੀ ਪਤਿਤ। ਪਾਵਨ ਕੋਈ ਹੈ ਨਹੀਂ। ਸਾਰੇ ਵਿਕਾਰ ਨਾਲ ਹੀ ਪੈਦਾ ਹੁੰਦੇ ਹਨ। ਇਹ ਵਿਸ਼ਸ਼ ਵਰਲਡ ਹੈ, ਉਹ ਹੈ ਵਾਈਸਲੈਸ ਵਰਲਡ। ਹੁਣ ਤੁਸੀਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਕਿਵੇਂ ਬਣੋਗੇ? ਪਤਿਤ ਪਾਵਨ ਤਾਂ ਮੈ ਹੀ ਹਾਂ। ਮੇਰੇ ਨਾਲ ਯੋਗ ਲਗਾਓ, ਭਾਰਤ ਦਾ ਪ੍ਰਾਚੀਨ ਰਾਜਯੋਗ ਇਹ ਹੈ। ਆਉਣਗੇ ਵੀ ਜ਼ਰੂਰ ਗ੍ਰਹਿਸਤ ਮਾਰਗ ਵਿੱਚ। ਕਿਵੇਂ ਵੰਡਰਫੁਲ ਢੰਗ ਨਾਲ ਆਉਂਦੇ ਹਨ, ਇਹ ਪਿਤਾ ਵੀ ਹਨ ਤਾਂ ਮਾਤਾ ਵੀ ਹਨ ਕਿਉਂਕਿ ਗਊ ਮੁੱਖ ਚਾਹੀਦਾ ਹੈ, ਜਿਸ ਨਾਲ ਅੰਮ੍ਰਿਤ ਨਿਕਲੇ। ਤਾਂ ਇਹ ਮਾਤਾ - ਪਿਤਾ ਹਨ, ਫੇਰ ਮਾਤਾਵਾਂ ਨੂੰ ਸੰਭਾਲਣ ਦੇ ਲਈ ਸਰਸਵਤੀ ਨੂੰ ਹੈਡ ਰੱਖਿਆ ਹੈ, ਉਨ੍ਹਾਂਨੂੰ ਕਿਹਾ ਜਾਂਦਾ ਹੈ ਜਗਤ ਅੰਬਾ। ਕਾਲੀ ਮਾਤਾ ਕਹਿੰਦੇ ਹਨ। ਅਜਿਹੇ ਕਾਲੇ ਕੋਈ ਸ਼ਰੀਰ ਹੁੰਦੇ ਹਨ ਕੀ! ਸ਼੍ਰੀਕ੍ਰਿਸ਼ਨ ਨੂੰ ਕਾਲਾ ਕਰ ਦਿੱਤਾ ਹੈ। ਕਿਓਕਿ ਕਾਮ ਚਿਤਾ ਤੇ ਚੜ੍ਹ ਕਾਲੇ ਬਣ ਗਏ ਹਨ। ਕ੍ਰਿਸ਼ਨ ਹੀ ਸਾਂਵਰਾ ਫੇਰ ਗੋਰਾ ਬਣਦਾ ਹੈ। ਇਨ੍ਹਾਂ ਸਭ ਗੱਲਾਂ ਨੂੰ ਸਮਝਣ ਦੇ ਲਈ ਵੀ ਸਮਾਂ ਚਾਹੀਦਾ ਹੈ। ਕੋਟਾਂ ਵਿਚੋਂ ਕੋਈ, ਕੋਈ ਵਿਚੋਂ ਵੀ ਕੋਈ ਦੀ ਬੁੱਧੀ ਵਿੱਚ ਬੈਠਦਾ ਹੋਵੇਗਾ ਕਿਉਂਕਿ ਸਭ ਵਿੱਚ 5 ਵਿਕਾਰ ਪ੍ਰਵੇਸ਼ ਹਨ। ਤੁਸੀਂ ਇਹ ਗੱਲ ਸਭਾ ਵਿੱਚ ਵੀ ਸਮਝਾ ਸਕਦੇ ਹੋ ਕਿਉਂਕਿ ਕਿਸੇ ਨੂੰ ਵੀ ਬੋਲਣ ਦਾ ਹੱਕ ਹੈ, ਅਜਿਹਾ ਮੌਕਾ ਲੈਣਾ ਚਾਹੀਦਾ ਹੈ। ਆਫ਼ਿਸ਼ਿਅਲ ਸਭਾ ਵਿੱਚ ਵੀ ਕੋਈ ਵਿਚ ਪ੍ਰਸ਼ਨ ਆਦਿ ਨਹੀਂ ਕਰਦੇ ਹਨ। ਨਹੀਂ ਸੁਣਨਾ ਹੈ ਤਾਂ ਸ਼ਾਂਤੀ ਨਾਲ ਚਲੇ ਜਾਓ, ਆਵਾਜ਼ ਨਾ ਕਰੋ। ਇੰਵੇਂ - ਇੰਵੇਂ ਬੈਠ ਸਮਝਾਓ। ਹਾਲੇ ਤੇ ਅਪਾਰ ਦੁੱਖ ਹਨ। ਦੁੱਖ ਦੇ ਪਹਾੜ ਡਿੱਗੇਣੇ ਹਨ। ਅਸੀਂ ਬਾਪ ਨੂੰ ਰਚਨਾ ਨੂੰ ਜਾਣਦੇ ਹਾਂ। ਤੁਸੀਂ ਤਾਂ ਕਿਸੇ ਦਾ ਵੀ ਆਕੂਪੇਸ਼ਨ ਨਹੀਂ ਜਾਣਦੇ ਹੋ, ਬਾਪ ਨੇ ਭਾਰਤ ਨੂੰ ਪੈਰਾਡਾਇਜ ਕਦੋਂ ਅਤੇ ਕਿਵੇਂ ਬਣਾਇਆ ਸੀ - ਇਹ ਤੁਸੀਂ ਨਹੀਂ ਜਾਣਦੇ ਹੋ, ਆਓ ਤਾਂ ਸਮਝਾਈਏ। 84 ਜਨਮ ਕਿਵੇਂ ਲੈਂਦੇ ਹਾਂ? 7 ਦਿਨ ਦਾ ਕੋਰਸ ਲਵੋ ਤਾਂ ਤੁਹਾਨੂੰ 21 ਜਨਮ ਦੇ ਲਈ ਪਾਪ ਆਤਮਾ ਤੋਂ ਪੁਨਿਯ ਆਤਮਾ ਬਣਾ ਦੇਵਾਂਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕਰਮ - ਅਕਰਮ - ਵਿਕਰਮ ਦੀ ਗੁਪਤ ਗਤੀ ਜੋ ਬਾਪ ਨੇ ਸਮਝਾਈ ਹੈ, ਉਹ ਬੁੱਧੀ ਵਿੱਚ ਰੱਖ ਪਾਪ ਆਤਮਾਵਾਂ ਨਾਲ ਹੁਣ ਲੈਣ - ਦੇਣ ਨਹੀਂ ਕਰਨੀ ਹੈ।

2. ਸ਼੍ਰੀਮਤ ਤੇ ਆਪਣਾ ਬੁੱਧੀਯੋਗ ਇੱਕ ਬਾਪ ਨਾਲ ਲਗਾਉਣਾ ਹੈ। ਸਤੋਪ੍ਰਧਾਨ ਬਣਨ ਦਾ ਪੁਰਸ਼ਾਰਥ ਕਰਨਾ ਹੈ। ਦੁੱਖਧਾਮ ਨੂੰ ਸੁੱਖਧਾਮ ਬਣਾਉਣ ਦੇ ਲਈ ਪਤਿਤ ਤੋਂ ਪਾਵਨ ਬਣਨ ਦਾ ਪੁਰਸ਼ਾਰਥ ਕਰਨਾ ਹੈ। ਕ੍ਰਿਮੀਨਲ ਦ੍ਰਿਸ਼ਟੀ ਨੂੰ ਬਦਲਣਾ ਹੈ

ਵਰਦਾਨ:- ਨਾਲੇਜ਼ਫੁੱਲ ਬਣ ਸਰਵ ਵਿਅਰਥ ਦੇ ਪ੍ਰਸ਼ਨਾਂ ਨੂੰ ਯਗ ਵਿਚ ਸਵਾਹਾ ਕਰਨ ਵਾਲੇ ਨਿਰਵਿਘਨ ਭਵ।
ਜਦੋਂ ਕੋਈ ਵਿਘਣ ਆਉਂਦੇ ਹਨ ਤਾਂ ਕੀ - ਕਿਓਂ ਕੇ ਅਨੇਕ ਪ੍ਰਸ਼ਨਾਂ ਵਿਚ ਚਲੇ ਜਾਂਦੇ ਹੋ, ਪ੍ਰਸ਼ਨਚਿਤ ਬਣਨਾ ਮਤਲਬ ਪ੍ਰੇਸ਼ਾਨ ਹੋਣਾ। ਨਾਲੈੱਜਫੁੱਲ ਹਨ ਯਗ ਵਿਚ ਸਰਵ ਵਿਅਰਥ ਪ੍ਰਸ਼ਨਾਂ ਨੂੰ ਸਵਾਹਾ ਕਰ ਦਵੋ ਤਾਂ ਤੁਹਾਡਾ ਵੀ ਟਾਇਮ ਬਚੇਗਾ ਅਤੇ ਦੂਜਿਆਂ ਦਾ ਵੀ ਟਾਇਮ ਬਚ ਜਾਵੇਗਾ, ਇਸ ਨਾਲ ਸਹਿਜ ਹੀ ਨਿਰਵਿਘਨ ਬਣ ਜਾਵੋਗੇ। ਨਿਸ਼ਚੇ ਅਤੇ ਵਿਜੇ ਜਨਮ ਸਿੱਧ ਅਧਿਕਾਰ ਹੈ - ਇਸ ਸ਼ਾਨ ਵਿਚ ਰਹੋ ਤਾਂ ਕਦੇ ਵੀ ਪ੍ਰੇਸ਼ਾਨ ਨਹੀਂ ਹੋਵੋਗੇ।

ਸਲੋਗਨ:- ਸਦਾ ਉਤਸਾਹ ਵਿੱਚ ਰਹਿਣਾ ਅਤੇ ਦੂਜਿਆਂ ਨੂੰ ਉਤਸਾਹ ਦਵਾਉਣਾ - ਇਹ ਹੀ ਤੁਹਾਡਾ ਆਕੂਪੇਸ਼ਨ ਹੈ।

******